Target Punjab With
Siddhi Punjab

# PSCSCC MAIN EXAMINATION, 2018

## ਪੰਜਾਬੀ (in Gurumukhi Script) (ਲਾਜ਼ਮੀ)

ਸਮਾਂ : 3 ਘੰਟੇ | ਕੁੱਲ ਅੰਕ : 100

**ਹਦਾਇਤਾਂ**

ਪੇਪਰ ਨੂੰ ਹੱਲ ਕਰਨ ਤੋਂ ਪਹਿਲਾਂ ਨਿਮਨ-ਲਿਖਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

(ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

(ਅ) ਹਰੇਕ ਪ੍ਰਸ਼ਨ ਦੇ ਅੰਕ ਉਸਦੇ ਅੰਤ ਵਿੱਚ ਦਰਸਾਏ ਗਏ ਹਨ।

(ੲ) ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ ੳ ਅਤੇ ਭਾਗ ਅ

ਜ਼ਰੂਰੀ ਨੋਟ: ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਇਸ ਦੇ ਸਾਰੇ ਭਾਗ ਅਤੇ ਉਪ-ਭਾਗ ਇਕੱਠੇ ਹੱਲ ਕੀਤੇ ਜਾਣ। ਇਸਦਾ ਭਾਵ ਇਹ ਹੈ ਕਿ ਅਗਲੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪ੍ਰੀਖਿਆਰਥੀ ਵੱਲੋਂ ਪਹਿਲੇ ਪ੍ਰਸ਼ਨ ਦੇ ਭਾਗ ਅਤੇ ਉਪ-ਭਾਗ ਲਾਜ਼ਮੀ ਤੌਰ 'ਤੇ ਸਮਾਪਤ ਕਰ ਲਏ ਜਾਣ। ਪ੍ਰਸ਼ਨ ਕਾਪੀ ਵਿੱਚ ਖਾਲੀ ਛੱਡੇ ਹੋਏ ਪੰਨਿਆਂ ਉਤੇ ਕਾਟਾ ਮਾਰਿਆ ਜਾਵੇ। ਖਾਲੀ ਛੱਡੇ ਹੋਏ ਪੰਨਿਆਂ ਤੋਂ ਬਾਅਦ ਵਾਲੇ ਉੱਤਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ।

## ਭਾਗ-ੳ

**ਪ੍ਰਸ਼ਨ 1** ਨਿਮਨ-ਲਿਖਤ ਪੈਰਾ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉਤਰ ਦਿਓ: (ਅੰਕ-10)

ਸ਼ਬਦ ਦੀ ਸ਼ਕਤੀ ਅਰਥ ਉਤਪਾਦਕਤਾ ਹੈ, ਇਹੀ ਸ਼ਬਦ ਨੂੰ ਅਰਥ ਨਾਲ ਜੋੜਦੀ ਹੈ।ਮੀਮਾਂਸਕਾਂ ਅਨੁਸਾਰ 'ਸ਼ਬਦ' ਦਾ 'ਅਰਥ' ਨਾਲ ਸਬੰਧ ਕੁਦਰਤੀ ਹੈ। ਨਿਆਇ-ਮੱਤ ਅਨੁਸਾਰ ਇਹ ਸਬੰਧ ਕੁਦਰਤੀ ਨਹੀਂ, ਸਗੋਂ ਇਹ ਰਸਮੀ ਤੇ ਪਰੰਪਰਕ ਹੈ। 'ਮੀਮਾਂਸਾ ਸੂਤਰ' ਅਨੁਸਾਰ ਕਿਉਂਕਿ ਅਰਥ ਦੇ ਮਰਮ ਤੱਕ ਪਹੁੰਚਣਾ ਅਸੰਭਵ ਹੈ ਇਸ ਲਈ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਸ਼ਬਦਾਂ ਦੇ ਅਰਥ ਉਸੇ ਤਰ੍ਹਾਂ ਕੁਦਰਤੀ ਹਨ, ਜਿਵੇਂ ਮਨੁੱਖੀ ਜ਼ਿੰਦਗੀਆਂ ਵਿਚ ਸੰਵੇਦਨਾ ਸ਼ਕਤੀ। ਇਹ ਸ਼ਬਦ-ਯੋਗਤਾ ਹੈ ਜੋ ਸ਼ਬਦ ਦੀ ਕੁਦਰਤੀ ਸ਼ਕਤੀ ਹੈ। ਸ਼ਬਦ ਤੇ ਅਰਥ ਦਾ ਸਬੰਧ ਸਦੀਵੀ ਤੇ ਅਪਰਿਵਰਤਨਸ਼ੀਲ ਹੈ।ਪਰ ਨਿਆਇਕ ਤੇ ਵੈਸ਼ੇਸ਼ਕ ਸ਼ਾਸਤਰੀ ਇਸ ਨਾਲ ਸਹਿਮਤ ਨਹੀਂ ਸਨ। ਇਹਨਾਂ ਅਨੁਸਾਰ ਨਾ ਸ਼ਬਦ ਸੱਤਾਵਾਨ ਹੈ ਅਤੇ ਨਾ ਹੀ ਅਰਥ ਸਦੀਵੀ। ਸ਼ਬਦ ਤੇ ਅਰਥ ਦਾ ਸਬੰਧ ਕੁਦਰਤੀ ਨਹੀਂ ਤੇ ਨਾ ਹੀ ਇਹ ਸਥਾਈ ਹੈ, ਸਗੋਂ ਇਹ ਰਸਮੀ ਤੇ ਪਰੰਪਰਕ ਹੈ। ਭਾਵ ਇਹ ਕਿ ਸ਼ਬਦ ਵਿੱਚ ਅਰਥ ਅੰਤਰਨਿਹਿਤ ਨਹੀਂ ਹੈ ਸਗੋਂ ਇਹ ਅਰਥ ਰੀਤ ਤੇ ਪਰੰਪਰਾ ਉਪਰ ਨਿਰਧਾਰਿਤ ਹੁੰਦੇ ਹਨ। ਨਿਆਇਕਾਂ ਦਾ ਕਹਿਣਾ ਹੈ ਕਿ ਸ਼ਬਦ ਤੇ ਅਰਥ ਦਾ ਸਬੰਧ ਸਿੱਧਾ ਨਹੀਂ ਸਗੋਂ ਪਰੰਪਰਾ ਤੇ ਪ੍ਰਚਲਨ ਨਾਲ ਸ਼ਬਦਾਂ ਦੇ ਮਿਥੇ ਗਏ ਅਰਥ ਨਿਸ਼ਚਿਤ ਹੋ ਗਏ ਹਨ।

ੳ) ਸ਼ਬਦ ਸ਼ਕਤੀ ਤੋਂ ਕੀ ਭਾਵ ਹੈ?

ਅ) ਸ਼ਬਦ ਅਤੇ ਅਰਥ ਦੇ ਆਪਸੀ ਸਬੰਧ ਬਾਰੇ ਮੀਮਾਂਸਾ ਸੂਤਰ ਦੀ ਕੀ ਧਾਰਨਾ ਹੈ?

ੲ) ਕੀ ਸ਼ਬਦ ਵਿਚ ਅਰਥ ਅੰਤਰਨਿਹਿਤ ਹੁੰਦੇ ਹਨ?

ਸ) ਸ਼ਬਦਾਂ ਦੇ ਅਰਥ ਨਿਸ਼ਚਿਤ ਕਰਨ ਵਿੱਚ ਪਰੰਪਰਾ ਤੇ ਪ੍ਰਚਲਨ ਦਾ ਕੀ ਯੋਗਦਾਨ ਹੈ?

ਹ) ਸ਼ਬਦ-ਵਿਹਾਰ ਬਾਰੇ ਸਮੁੱਚੀ ਟਿਪਣੀ ਕਰੋ।

**ਪ੍ਰਸ਼ਨ 2** ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਕੇ ਢੁਕਵਾਂ ਸਿਰਲੇਖ ਵੀ ਲਿਖੋ: (ਅੰਕ-10)

ਸਰੀਰ ਉਸ ਚਸ਼ਮੇ ਵਾਂਗ ਹੈ ਜਿਹੜਾ ਕਿਸੇ ਮਹਾਂ-ਸਰੋਵਰ ਨਾਲ ਜੁੜਿਆ ਹੋਵੇ। ਚਸ਼ਮੇ ਵਿਚੋਂ ਜਿੰਨਾ ਜਲ ਵਗੇਗਾ, ਓਨਾ ਸਰੋਵਰ ਵਿਚ ਹੋਰ ਆ ਜਾਏਗਾ। ਜਿੰਨਾ ਸਰੀਰ ਨੂੰ ਵਰਤਿਆ ਜਾਏ, ਉਨੀ ਹੀ ਵਰਤੇ ਜਾਣ ਦੀ ਸਮਰੱਥਾ ਉਹਦੇ ਅੰਦਰ ਪੈਦਾ ਹੁੰਦੀ ਹੈ। ਪਰਿਵਾਰ ਵਿਚ ਰਹਿੰਦਿਆਂ ਜਿਹੜਾ ਤਨ-ਮਨ ਨਾਲ ਕੰਮ ਕਰਦਾ ਹੈ, ਉਸਦਾ ਸਰੀਰ ਅਰੋਗ ਤੇ ਸਵਸਥ ਰਹਿੰਦਾ ਹੈ ਅਤੇ ਜਿਹੜਾ ਕੋਈ ਹੱਡ-ਰਖ, ਕੰਮ-ਚੋਰ ਤੇ ਵਿਹਲ-ਪਸੰਦ ਹੈ, ਉਹਦਾ ਚਿਤ ਸ਼ਰਮਿੰਦਾ, ਸਰੀਰ ਭੱਦਾ ਤੇ ਸੁਭਾ ਛਿੱਥਾ ਹੁੰਦਾ ਹੈ। ਸਭਿਅਤਾ ਤੋਂ ਪਹਿਲਾਂ ਮਨੁੱਖ ਦਾ ਜੀਵਨ ਇਹੋ ਜਿਹਾ ਸੀ ਕਿ ਸਾਰੇ ਅੰਗ ਅਵੱਸ਼ ਵਰਤੇ ਜਾਂਦੇ ਸਨ ਪਰ ਸਭਿਅਤਾ ਨੇ ਕੰਮਾਂ ਦੀ ਤੱਕੜੀ ਸਾਵੀਂ ਨਾ ਰਹਿਣ ਦਿੱਤੀ; ਜੇ ਹੱਥ ਹਿਲਦੇ ਤਾਂ ਪੈਰ ਵਿਹਲੇ ਰਹਿੰਦੇ, ਜਾਂ ਕੋਈ ਨਿਰੋਲ ਦਿਮਾਗ ਦਾ ਖੱਟਿਆ ਹੀ ਖਾਂਦਾ। ਸਰੀਰ ਦੀ ਖ਼ੂਬਸੂਰਤੀ ਵਿਚ ਵਿਗਾੜ ਆ ਗਿਆ। ਯੂਨਾਨ ਤੇ ਰੋਮ ਖੂਬਸੂਰਤੀ ਤੇ ਅਰੋਗਤਾ ਦੇ ਉਪਾਸ਼ਕ ਸਨ। ਇਨ੍ਹਾਂ ਲੋਕਾਂ ਨੇ ਕਸਰਤ ਦੇ ਢੰਗ ਸੋਚੇ,ਹਰ ਭਾਂਤ ਦੀਆਂ ਖੇਡਾਂ ਰਚੀਆ। ਇਨ੍ਹਾਂ ਦੇ ਵਿਸ਼ਾਲ ਗੋਲ ਖੇਡ-ਘਰ ਵਿਸ਼ਵ ਪ੍ਰਸਿੱਧ ਹਨ। ਇਹ ਦੋਨੋਂ ਕੌਮਾਂ ਜਗਤ ਵਿਚ ਸਭ ਤੋਂ ਰਿਸ਼ਟ-ਪੁਸ਼ਟ ਮੰਨੀਆਂ ਗਈਆਂ ਹਨ। ਕਾਰਨ ਇਹ ਹੈ ਕਿ ਹਰੇਕ ਇਸਤਰੀ-ਪੁਰਸ਼ ਨੂੰ ਕਸਰਤ ਦਾ ਸ਼ੌਕ ਹੈ। ਉਨ੍ਹਾਂ ਦੇ ਇਸ ਉੱਦਮ ਦਾ ਨਤੀਜਾ ਇਹ ਨਿਕਲਿਆ ਕਿ ਅੱਜ ਕਸਰਤ-ਘਰ, ਖੇਡ-ਘਰ ਤੇ ਖੇਡ-ਅਖਾੜੇ ਸਕੂਲਾਂ ਦੀ ਹੋਂਦ ਨਾਲੋਂ ਵੀ ਜ਼ਰੂਰੀ ਸਮਝੇ ਜਾਂਦੇ ਹਨ। ਕੋਈ ਪਿੰਡ-ਸ਼ਹਿਰ ਅਜਿਹਾ ਨਹੀਂ ਜਿਥੇ ਖੇਡਣ ਦਾ ਪ੍ਰਬੰਧ ਨਾ ਕੀਤਾ ਗਿਆ ਹੋਵੇ। ਸਭ ਤੋਂ ਪਹਿਲਾਂ ਉੱਦਮ ਦੀ ਆਦਤ ਪੈਦਾ ਕਰੋ। ਉੱਦਮੀ ਜੀਵਨ ਵਿਚ ਆਪੇ ਕਸਰਤ ਹੋ ਜਾਂਦੀ ਹੈ। ਸਰੀਰ ਨੂੰ ਤਰੀਕੇ ਨਾਲ ਜਿੰਨਾ ਵਰਤੋਂ ਉਨਾ ਹੀ ਇਹ ਤਕੜਾ ਹੁੰਦਾ ਹੈ। ਕੰਮ ਕਰਨ ਦੀ ਰੀਝ ਪੈਦਾ ਕਰੋ। ਸੁਖੱਲੀਆਂ ਕਸਰਤਾਂ ਕਰੋ। ਸੁਖੱਲੀ ਕਸਰਤ, ਥੋੜੀ ਖੁਰਾਕ, ਖੁੱਲ੍ਹੀ ਪੌਣ, ਸਾਫ਼-ਸੁਥਰਾ ਵਾਤਾਵਰਣ ਬਿਨਾਂ ਖ਼ਾਸ ਤਰਦੱਦ ਦੇ ਮਿਲ ਜਾਂਦਾ ਹੈ। ਸਿਹਤ ਤੇ ਲੰਮੀ ਉਮਰ ਭੋਗਣ ਦਾ ਰਾਜ਼ ਇਸ ਉੱਦਮ ਵਿਚ ਹੀ ਛੁਪਿਆ ਹੋਇਆ ਹੈ।

**ਪ੍ਰਸ਼ਨ 3** ਹੇਠ ਲਿਖਿਆਂ ਵਿਚੋਂ ਦੋ ਸੌ ਸ਼ਬਦਾਂ ਦਾ ਕੋਈ ਇੱਕ ਪੱਤਰ ਲਿਖੋ:- (ਅੰਕ-10)

ੳ) ਰਾਜ ਵਿਚ ਵੱਧ ਰਹੇ ਗ਼ੈਰ-ਕਾਨੂੰਨੀ ਨਸ਼ਾ-ਵਿਉਪਾਰ ਬਾਰੇ ਆਪਣੇ ਰਾਜ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਜਾਣਕਾਰੀ ਦਿਉ ਅਤੇ ਇਸਨੂੰ ਨੱਥ ਪਾਉਣ ਲਈ ਕੁਝ ਸੁਝਾਅ ਵੀ ਦੱਸੋ।

ਅ) ਮਾਪੇ ਤੁਹਾਨੂੰ ਤੁਹਾਡੀ ਪਸੰਦ ਦੇ ਵਿਸ਼ੇ ਪੜ੍ਹਨ ਦੀ ਆਗਿਆ ਨਹੀਂ ਦਿੰਦੇ। ਇਸ ਉਲਝਣ ਬਾਰੇ ਆਪਣੇ ਮਾਮੇ ਨਾਲ ਆਪਣੀ ਮਨੋ-ਦਸ਼ਾ ਸਾਂਝੀ ਕਰੋ।

**ਪ੍ਰਸ਼ਨ 4** ਹੇਠਾਂ ਦਰਜ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ 'ਤੇ (ਲਗਭਗ 400 ਸ਼ਬਦਾਂ ਦਾ) ਲੇਖ ਲਿਖੋ: (ਅੰਕ-10)

ੳ) ਜਵਾਨੀ ਦਾ ਵਿਦੇਸ਼ਾਂ ਵੱਲ ਪਲਾਇਨ

ਅ) ਰਾਜਨੀਤੀ ਦਾ ਅਪਰਾਧੀਕਰਨ

ੲ) ਅਜੋਕੀ ਨਾਰੀ : ਦਸ਼ਾ ਤੇ ਦਿਸ਼ਾ

ਸ) ਪੰਜਾਬੀਅਤ ਦੇ ਪਛਾਣ-ਚਿੰਨ੍ਹ

ਜ਼ਾਰੀ ਪੰਨਾ....2

Telegram: https://t.me/siddhipunjab01
You tube: https://youtube.com/@siddhipunjab

Target Punjab With
Siddhi Punjab



ਪ੍ਰਸ਼ਨ 5 ਨਿਮਨ-ਲਿਖਤ ਦਾ ਪੰਜਾਬੀ ਵਿੱਚ ਅਨੁਵਾਦ ਕਰੋ:- (ਅੰਕ-5)

ੳ) Human rights are the key basic rights which every person is entitled such as freedom to speech, freedom to practice any religion, etc. It is these rights which are termed as fundamental rights in the various constitutions of the different countries. Most of the nations guarantee these rights to their citizens. In the case of violation of these rights the judiciary of a particular country, which the victim is a citizens, interferes to ensure these rights. However, human rights and justice are very abstract terms. Different countries use these terms to suit their political and social situations. What may be called a just law in an Arab nation, may be termed as inhuman treatment for the Americans. But the country like India has tried to give a true meaning to terms like human rights and justice.

ਅ) ਨਿਮਨ-ਲਿਖਤ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :- (ਅੰਕ-5)

i) ਦੁਨੀਆਂ ਵਿਚ ਹਰ ਕੋਈ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦਾ ਹੈ।
ii) ਜੈਸਾ ਦੇਸ ਵੈਸਾ ਭੇਸ।
iii) ਕਲ੍ਹ ਰਾਤ ਬੂੰਦਾ-ਬਾਂਦੀ ਹੁੰਦੀ ਰਹੀ।
iv) ਪੰਜਾਬੀ ਜਨ-ਜੀਵਨ ਵੱਖ-ਵੱਖ ਰਸਮਾਂ ਰਿਵਾਜਾਂ ਨਾਲ ਓਤ-ਪੋਤ ਹੈ।
v) ਮੇਰੀ ਭਰਾ ਨਾਲ ਗੱਲ ਹੋਈ, ਉਹ ਠੀਕ-ਠਾਕ ਹੈ।

## ਭਾਗ-ਅ

ਪ੍ਰਸ਼ਨ 6 ਨਿਮਨ-ਲਿਖਤ ਅਖਾਣਾਂ ਨੂੰ ਵਾਕਾਂ ਵਿੱਚ ਵਰਤੋਂ: (ਅੰਕ-5)

ੳ) i) ਅੰਨ੍ਹਿਆਂ 'ਚ ਕਾਣਾ ਰਾਜਾ ii) ਇੱਕ ਪੰਥ ਦੋ ਕਾਜ iii) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ
iv) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ v) ਉਖਲੀ ਵਿੱਚ ਸਿਰ ਦਿੱਤਾ ਤਾਂ ਮੁਹਲਿਆਂ ਦਾ ਕੀ ਡਰ

ਅ) ਨਿਮਨ-ਲਿਖਤ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ: (ਅੰਕ-5)
i) ਬਲਦੀ ਉਤੇ ਤੇਲ ਪਾਉਣਾ ii) ਹੱਥਾਂ ਉਤੇ ਸਰ੍ਹੋਂ ਜਮਾਉਣੀ iii) ਸਿਰੋਂ ਨੰਗੀ ਹੋਣਾ
iv) ਗਲ ਪਿਆ ਢੋਲ ਵਜਾਉਣਾ v) ਪਾਣੀ ਪਾਣੀ ਹੋਣਾ।

ਪ੍ਰਸ਼ਨ 7 ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (ਅੰਕ-5)
i) ਗ੍ਰਿਹਿਸਤ ii) ਵਿਸਲੇਸਣ iii) ਮੇਹਰ iv) ਮੈਂਹਗਾ v) ਫਤਹਿ

ਪ੍ਰਸ਼ਨ 8 ਹੇਠ ਲਿਖੇ ਵਾਕਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਬਦਲੋ: (ਅੰਕ-5)
i) ਸ਼ੀਨਾ ਸੁੰਦਰ ਹੋਣ ਦੇ ਨਾਲ-ਨਾਲ ਹੁਸ਼ਿਆਰ ਵੀ ਹੈ (ਸਾਧਾਰਨ ਵਾਕ ਤੋਂ ਸੰਯੁਕਤ ਵਾਕ ਬਣਾਓ)
ii) ਉਹ ਡਾਕਟਰ ਕੋਲ ਗਈ ਤੇ ਬੁਖ਼ਾਰ ਦੀ ਦਵਾਈ ਲਈ (ਸੰਯੁਕਤ ਵਾਕ ਤੋਂ ਸਾਧਾਰਨ ਵਾਕ ਬਣਾਓ)
iii) ਵੱਡਿਆਂ ਦੀ ਸੇਵਾ ਕਰੋ ਅਤੇ ਉਨ੍ਹਾਂ ਦੀਆਂ ਅਸੀਸਾਂ ਲਵੋ (ਮਿਸ਼ਰਿਤ ਵਾਕ ਬਣਾਓ)
iv) ਜਦ ਮੁਸੀਬਤ ਪਏ ਤਦ ਹੌਸਲਾ ਰੱਖੋ (ਸਾਧਾਰਨ ਵਾਕ ਬਣਾਓ)
v) ਤੁਸੀਂ ਆਪਣੇ ਪਿੰਡ ਦਾ ਨਾਂ ਦੱਸੋ (ਪ੍ਰਸ਼ਨ ਵਾਚਕ ਵਾਕ ਬਣਾਓ)

ਪ੍ਰਸ਼ਨ 9 ਵਾਚ ਬਦਲੋ (ਕਰਤਰੀ ਵਾਚ ਤੋਂ ਕਰਮਣੀ ਵਾਚ/ਕਰਮਣੀ ਤੋਂ ਕਰਤਰੀ ਵਾਚ): (ਅੰਕ-5)
i) ਬੱਚੇ ਪੜ੍ਹ ਰਹੇ ਹਨ। ii) ਸੋਹਣ ਪੁਸਤਕ ਲਿਖਦਾ ਹੈ। iii) ਮੈਂ ਚਿੱਠੀ ਲਿਖੀ।
iv) ਬੱਚਿਆਂ ਵੱਲੋਂ ਸ਼ੋਰ ਮਚਾਇਆ ਜਾ ਰਿਹਾ ਹੈ। v) ਗਹਿਣੇ ਸੁਨਿਆਰ ਤੋਂ ਬਣਾਏ ਗਏ।

ਪ੍ਰਸ਼ਨ 10 ਵਿਸ਼ਰਾਮ ਚਿੰਨ੍ਹ ਲਗਾਓ: (ਅੰਕ-5)
ਬਾਹਰ ਖੂਹ ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿਤਾ ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉੱਥੇ ਆ ਗਈ ਬੋਲਿਆ ਤੂੰ ਫਿਕਰ ਨਾ ਕਰੀਂ ਅਜੇ ਮੈਨੂੰ ਜ਼ਰੂਰੀ ਕੰਮ ਨੇ ਜਦੋਂ ਵਿਆਹ ਕੀਤਾ ਮੈਂ ਤੇਰੇ ਨਾਲ ਹੀ ਕਰਾਂਗਾ ਮੈਂ ਛੇਤੀ ਹੀ ਆਵਾਂਗਾ ਉਹ ਚਲਿਆ ਗਿਆ ਅਤੇ ਮੁੜ ਅਜੇ ਤੱਕ ਨਹੀਂ ਆਇਆ

ਪ੍ਰਸ਼ਨ 11 ਹੇਠ ਲਿਖੇ ਅਗੇਤਰ ਲਾ ਕੇ ਸ਼ਬਦ ਬਣਾਓ: (ਅੰਕ-5)
i) ਹਮ ii) ਕੁ iii) ਪੜ iv) ਬੇ v) ਸੁ

ਪ੍ਰਸ਼ਨ 12 ਹੇਠ ਲਿਖੇ ਪਿਛੇਤਰ ਲਾ ਕੇ ਸ਼ਬਦ ਬਣਾਓ: (ਅੰਕ-5)
i) ਆਲੂ ii) ਮੰਦ iii) ਆਨ iv) ਵੱਤਾ v) ਵੰਤ

ਪ੍ਰਸ਼ਨ 13 ਹੇਠ ਲਿਖੇ ਕਿਰਿਆ ਸ਼ਬਦਾਂ ਤੋਂ ਵਿਸ਼ੇਸ਼ਣ ਬਣਾਓ : (ਅੰਕ-5)

ੳ) i) ਅੜਨਾ ii) ਜਿੱਤਣਾ iii) ਥੁੜਨਾ iv) ਲੁੱਟਣਾ v) ਗਰਮਾਉਣਾ

ਅ) ਹੇਠ ਲਿਖੇ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਬਹੁ-ਅਰਥਕ ਸ਼ਬਦਾਂ ਦੇ ਅਰਥ ਸਪੱਸ਼ਟ ਹੋ ਜਾਣ: (ਅੰਕ-5)

i) ਵਟ ii) ਵੰਡ iii) ਵੇਲ iv) ਫੁੱਲ v) ਪਰ

*****

Telegram: https://t.me/siddhipunjab01
You tube: https://youtube.com/@siddhipunjab